ਦਫ਼ਤਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਮੋਗਾ

# ਭਾਰਤ ਦੇ ਚੋਣ ਕਮਿਸ਼ਨ ਵੱਲੋਂ 18 ਤੋਂ 21 ਸਾਲ ਉਮਰ ਦੇ ਨੌਜਵਾਨਾਂ ਨੂੰ ਵੋਟਰ ਸੂਚੀ ਵਿੱਚ ਰਜਿਸਟਰਡ ਕਰਨ ਲਈ 1 ਜੁਲਾਈ ਤੋਂ 31 ਜੁਲਾਈ, 2017 ਤੱਕ ਵਿਸ਼ੇਸ਼ ਮੁਹਿੰਮ ਦਾ ਆਗਾਜ਼-ਜ਼ਿਲ੍ਹਾ ਚੋਣ ਅਫ਼ਸਰ

- **9 ਅਤੇ 23 ਜੁਲਾਈ ਨੂੰ ਪੋਲਿੰਗ ਬੂਥ ਅਫ਼ਸਰ ਪੋਲਿੰਗ ਬੂਥਾਂ 'ਤੇ ਬੈਠ ਕੇ ਬਿਨੈਕਾਰਾਂ ਤੋਂ ਫ਼ਾਰਮ ਪ੍ਰਾਪਤ ਕਰਨਗੇ**

ਮੋਗਾ 24 ਮਈ:

ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਮੋਗਾ ਸ. ਦਿਲਰਾਜ ਸਿੰਘ ਆਈ.ਏ.ਐਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਰਤ ਦੇ ਚੋਣ ਕਮਿਸ਼ਨ ਵੱਲੋਂ ਭਾਰਤੀ ਨਾਗਰਿਕਾਂ ਵਿਸ਼ੇਸ਼ ਤੌਰ 'ਤੇ 18 ਤੋਂ 21 ਸਾਲ ਉਮਰ ਗਰੁੱਪ ਦੇ ਨੌਜਵਾਨਾਂ ਨੂੰ ਬੂਥ ਲੈਵਲ ਅਫ਼ਸਰਾਂ/ਸੁਪਰਵਾਈਜ਼ਰਾਂ ਰਾਹੀਂ ਵੋਟਰ ਸੂਚੀ ਵਿੱਚ ਰਜਿਸਟਰਡ ਕਰਨ ਦੇ ਮੰਤਵ ਨਾਲ 1 ਜੁਲਾਈ, 2017 ਤੋਂ 31 ਜੁਲਾਈ, 2017 ਤੱਕ ਸਪੈਸ਼ਲ ਮੁਹਿੰਮ ਦਾ ਪ੍ਰੋਗਰਾਮ ਜਾਰੀ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਸਮੇਂ ਦੌਰਾਨ ਯੋਗ ਬਿਨੈਕਾਰ ਫ਼ਾਰਮ 6,7,8 ਅਤੇ 8ਓ ਆਦਿ ਬੂਥ ਲੈਵਲ ਅਫ਼ਸਰਾਂ ਨੂੰ ਜਾਂ ਸਿੱਧੇ ਤੌਰ 'ਤੇ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ ਦੇ ਸਕਦੇ ਹਨ ਜਾਂ ਡਾਕ ਰਾਹੀਂ ਭੇਜ ਸਕਦੇ ਹਨ।ਇਸ ਤੋਂ ਇਲਾਵਾ ਇਹ ਫ਼ਾਰਮ ਭਾਰਤ ਚੋਣ ਕਮਿਸ਼ਨ ਦੀ ਨੈਸ਼ਨਲ ਵੋਟਰ ਸਰਵਿਸਜ਼ ਪੋਰਟਲ (www.nvsp.in) 'ਤੇ ਆਨ-ਲਾਈਨ ਵੀ ਭਰੇ ਜਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਵੱਲੋਂ ਇੱਕ ਮੋਬਾਈਲ ਐਪਲੀਕੇਸ਼ਨ ਵੀ ਜਾਰੀ ਕੀਤੀ ਜਾ ਰਹੀ ਹੈ, ਜਿਸ ਰਾਹੀਂ ਬਿਨੈਕਾਰ ਆਪਣੇ ਮੋਬਾਈਲ ਵਿੱਚ ਐਪ ਇਨਸਟਾਲ ਕਰਨ ਉਪਰੰਤ ਮੋਬਾਈਲ ਜ਼ਰੀਏ ਵੀ ਫ਼ਾਰਮ ਭਰ ਸਕਣਗੇ, ਜੋ ਕਿ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰਾਂ ਦੇ ਡਾਟਾ ਐਂਟਰੀ ਸਾਫ਼ਟਵੇਅਰ ERONET ਨਾਲ ਲਿੰਕ ਹੋਵੇਗਾ। ਉਨ੍ਹਾਂ ਦੱਸਿਆ ਕਿ ਆਮ ਜਨਤਾ ਦੀ ਸਹੂਲਤ ਲਈ 9 ਅਤੇ 23 ਜੁਲਾਈ, 2017 ( ਦੋਵੇ ਦਿਨ ਸਨਿਚਰਵਾਰ) ਨੂੰ ਪੋਲਿੰਗ ਬੂਥ ਅਫ਼ਸਰ ਸਾਰੇ ਪੋਲਿੰਗ ਬੂਥਾਂ 'ਤੇ ਬੈਠ ਕੇ ਬਿਨੈਕਾਰਾਂ ਤੋਂ ਫ਼ਾਰਮ ਪ੍ਰਾਪਤ ਕਰਨਗੇ।

\-------------

ਨੰ: ਪੀ.ਆਰ(ਪ੍ਰੈ ਰੀ)2017/282